2

# ਹੰਨਾਹ

## ਮਾਂਪੁਣੇ ਦੀ ਇਕ ਯਾਦਗਾਰ

(1:1–2:21)

ਪੁਰਾਤਨ ਸਪਾਲਟਾ ਦੇਸ਼ ਦੇ ਬਾਦਸ਼ਾਹ ਏਜਸੀਲਾਉਸ ਦੂਜੇ (ਲਗਭਗ 444–360 ਇ.ਪੂ.) ਨੇ ਮਰਨ ਲੱਗਿਆਂ ਹੁਕਮ ਦਿੱਤਾ ਕਿ ਉਸ ਦਾ ਕੋਈ ਬੁੱਤ ਨਾ ਬਣਾਇਆ ਜਾਵੇ। ਉਸ ਨੇ ਇਹ ਵੀ ਕਿਹਾ, ''ਜੇ ਮੈਂ ਕੋਈ ਚੰਗਾ ਕੰਮ ਕੀਤਾ ਹੈ, ਤਾਂ ਮੇਰੀ ਯਾਦਗਾਰ ਉਹੀ ਹੈ; ਪਰ ਜੇ ਮੈਂ ਕੁਝ ਕੀਤਾ ਹੀ ਨਹੀਂ ਹੈ ਤਾਂ ਤੁਹਾਡੀਆਂ ਬਣਾਈਆਂ ਯਾਦਗਾਰਾਂ ਨਾਲ ਕੁਝ ਨਹੀਂ ਹੋਵੇਗਾ।'' ਯਾਦਗਾਰਾਂ ਦੀ ਸਹੀ ਅਵਧਾਰਣਾ ਇਹੀ ਹੈ ਕਿ ਪੱਥਰ ਦੇ ਬਗ਼ੈਰ ਬਣੀ ਯਾਦਗਾਰ ਹੀ ਸਭ ਤੋਂ ਵਧੀਆ ਹੁੰਦੀ ਹੈ! ਸਭ ਤੋਂ ਵਧੀਆ ਯਾਦਗਾਰ ਆਦਮੀ ਦੀ ਜ਼ਿੰਦਗੀ ਦਾ ਅਸਰ ਅਤੇ ਬੋਲ–ਚਾਲ ਅਤੇ ਵਿਹਾਰ ਨਾਲ ਕੀਤੀਆਂ ਉਹਦੀਆਂ ਚੰਗੀਆਂ ਯਾਦਾਂ ਹੁੰਦਿਆਂ ਹਨ।

ਹੰਨਾਹ ਨਾਮਕ ਇਸ ਖ਼ੂਬਸੂਰਤ ਔਰਤ ਵਿਚ ਅਸੀਂ ਅਜਿਹੀ ਮਾਂ ਨੂੰ ਵੇਖਦੇ ਹਾਂ, ਜਿਸ ਦੀ ਜ਼ਿੰਦਗੀ ''ਮਾਂਪੁਣੇ ਦੀ ਯਾਦਗਾਰ'' ਹੈ। ਸਦੀਆਂ ਤੋਂ ਉਹ ਬਾਈਬਲ ਦੇ ਵਿਦਿਆਰਥੀਆਂ ਦੀ ਤਾਰੀਫ਼ ਦਾ ਪਾਤਰ ਰਹੀ ਹੈ ਅਤੇ ਉਸ ਨੂੰ ''ਦੁਆ ਕਰਨ ਵਾਲੀ ਮਾਂ'' ਜਾਂ ''ਖ਼ੁਦਾ ਵੱਲੋਂ ਦਿੱਤੀ ਗਈ ਆਦਰਸ਼ ਮਾਂ'' ਕਿਹਾ ਜਾਂਦਾ ਹੈ। ਪਰ ਉਹਦੇ ਵੱਲ ਵੇਖ ਕੇ ਬਾਈਬਲ ਵਿਚ ਤੁਸੀਂ ਉਸ ਨੂੰ ਸਭ ਤੋਂ ਧਰਮੀ ਔਰਤਾਂ ਦੇ ਨਾਲ ਹੀ ਰੱਖੋਗੇ। ਬਾਈਬਲ 'ਚੋਂ ਸਾਨੂੰ ਹੰਨਾਹ ਬਾਰੇ ਇਨ੍ਹਾਂ ਇਤਿਹਾਸਕ ਤੱਥਾਂ ਦਾ ਪਤਾ ਲਗਦਾ ਹੈ। ਉਹ ਚੌਥੀ ਅਜਿਹੀ ਮਹਾਨ ਔਰਤ ਸੀ, ਜਿਸ ਦੀ ਕੋਈ ਔਲਾਦ ਨਹੀਂ ਸੀ। ਇਨ੍ਹਾਂ ਵਿੱਚੋਂ ਉਹੀ ਸਭ ਤੋਂ ਵੱਧ ਰੂਹਾਨੀ ਹੈ। ਸਾਰਾਹ ਹੱਸੀ ਸੀ; ਰਿਬਕਾਹ ਬੇਪਰਵਾਹ ਸੀ; ਰਾਖਲ ਚਿੜਚਿੜੀ ਅਤੇ ਗੁੱਸੇਖੋਰ ਸੀ। ਜਿੱਥੋਂ ਤਕ ਸਾਨੂੰ ਪਤਾ ਹੈ ਸਿਰਫ਼ ਹੰਨਾਹ ਨੇ ਹੀ ਦੁਆ ਦੇ ਰਾਹੀਂ ਖ਼ੁਦਾਈ ਮਦਦ ਮੰਗੀ ਸੀ। ਸਾਡੇ ਕੋਲ ਹੰਨਾਹ ਦੇ ਪਰਿਵਾਰਕ ਪਿਛੋਕੜ ਦੀ ਕੋਈ ਜਾਣਕਾਰੀ ਨਹੀਂ ਹੈ, ਕਿਉਂਕਿ ਉਸ ਵਕਤ ਸਿਰਫ਼ ਆਦਮੀ ਦੇ ਵਡੇਰਿਆਂ ਦਾ ਹੀ ਨਾਂਅ ਲਿਖਿਆ ਜਾਂਦਾ ਸੀ। ਸਾਨੂੰ ਸਿਰਫ਼ ਉਹੀ ਪਤਾ ਹੈ ਜੋ 1 ਸਮੂਏਲ ਵਿਚ ਲਿਖਿਆ ਹੈ।

ਹੰਨਾਹ ਅਲਕਾਨਾਹ ਦੀ ਪਹਿਲੀ ਪਤਨੀ ਸੀ। ਉਸ ਦੇ ਬਾਂਝ ਹੋਣ ਕਰਕੇ ਅਲਕਾਨਾਹ ਲਈ ਦੂਜੀ ਪਤਨੀ ਲੱਭੀ ਗਈ ਸੀ। ਇਹ ਪ੍ਰਬੰਧ ਖ਼ੁਦਾ ਦੀ ਮੂਲ ਯੋਜਨਾ ਨਾਲ ਮੇਲ ਨਹੀਂ ਖਾਂਦਾ ਸੀ (ਉਤਪਤ 2:24; ਮਲਾਕੀ 2:15; ਮੱਤੀ 19:4)। ਅਲਕਾਨਾਹ ਦੀਆਂ ਇਕ ਤੋਂ ਵੱਧ ਪਤਨੀਆਂ ਹੋਣ ਦਾ ਨਤੀਜਾ ਉਮੀਦ ਮੁਤਾਬਕ ਹੀ ਸੀ। ਪਨਿੰਨਾਹ ਹੰਨਾਹ ਨਾਲ ਉਹਦੇ ਪਤੀ ਦੇ ਖ਼ਾਸ ਮੋਹ ਤੋਂ ਸੜਦੀ ਸੀ, ਜਿਸ ਕਰਕੇ ਉਹ ਘਮੰਡੀ ਅਤੇ ਆਕੜੂ ਹੋ ਗਈ ਸੀ। ਹੰਨਾਹ ਦੇ ਬਾਂਝਪੁਣੇ ਤੇ ਉਹ ਉਹਨੂੰ ਬੋਲੀਆਂ ਮਾਰਦੀ ਸੀ। ਹੰਨਾਹ ਨੇ ਬਦਲਾ ਲੈਣ ਲਈ ਗੁੱਸੇ ਤੋਂ ਕੰਮ ਨਹੀਂ ਲਿਆ ਬਲਕਿ ਉਹ ਉਸ ਦੇ ਜ਼ੁਲਮਾਂ ਨੂੰ ਧੀਰਜ ਨਾਲ ਸਹਿੰਦੀ ਰਹੀ। ਸ਼ੀਲੋਹ ਵਿਚ ਸਲਾਨਾ ਕੁਰਬਾਨੀ ਦੇ ਵੇਲੇ ਹੰਨਾਹ ਹਰ ਸਾਲ ਬੜੀ ਦੁਖੀ ਹੁੰਦੀ ਸੀ। ਇਹ ਬੋਝ ਝੱਲਦੇ ਝੱਲਦੇ ਉਹ ਟੁੱਟ ਚੁਕੀ ਸੀ। ਤਾਅਨੇ, ਜ਼ਲਾਲਤ ਸਹਿੰਦੇ ਸਹਿੰਦੇ ਉਹ ਆਪਣੇ ਆਪ ਨੂੰ ਹੀ ਕਸੂਰਵਾਰ

ਮੰਨਣ ਲੱਗ ਪਈ ਸੀ। ਦਿਮਾਗ਼ੀ ਅਤੇ ਜਿਸਮਾਨੀ ਤੌਰ ਤੇ ਪਰੇਸ਼ਾਨ ਕੁਰਬਾਨੀ ਦੀ ਦਾਅਵਤ ਵਿੱਚੋ ਛੱਡ ਕੇ ਉਹ ਵੇਦੀ ਤੇ ਹੀ ਸ਼ਰਣ ਲੈਣ ਚਲੀ ਗਈ।

ਯਹੂਦੀ ਰਵਾਇਤ ਮੁਤਾਬਕ ਹੁਣ ਹੈਕਲ ਦੀ ਪਹਿਲਾਂ ਵਾਲੀ ਸ਼ਾਨ ਨਹੀਂ ਰਹੀ ਸੀ। ਸੰਦੂਕ ਨੂੰ ਕੁਝ ਕੁ ਪਰਦਿਆਂ ਨਾਲ ਢੱਕਿਆ ਹੋਇਆ ਸੀ ਅਤੇ ਤੰਬੂ ਦੇ ਆਲੇ ਦੁਆਲੇ ਪੱਥਰ ਦੀ ਛੋਟੀ ਜਿਹੀ ਟੁੱਟੀ ਫੁੱਟੀ ਕੰਧ ਸੀ। ਦਰਵਾਜ਼ੇ ਉੱਤੇ ਮਹਾਂਯਾਜਕ ਏਲੀ ਬੈਠਾ ਹੁੰਦਾ ਸੀ। ਹੰਨਾਹ ਚੁੱਪ ਚਾਪ ਅਹਾਤੇ ਵਿਚ ਜਾ ਕੇ ਖ਼ੁਦਾ ਅੱਗੇ ਆਪਣੇ ਮਨ ਦੀ ਤਕਲੀਫ਼ ਦੱਸਣ ਲੱਗੀ। ਏਲੀ ਉਸ ਨੂੰ ਵੇਖ ਰਿਹਾ ਸੀ ਅਤੇ ਉਸ ਨੂੰ ਲੱਗਾ ਕਿ ਹੰਨਾਹ ਨੇ ਕੋਈ ਨਸ਼ਾ ਕੀਤਾ ਹੋਇਆ ਹੈ। ਏਲੀ ਨੇ ਹੰਨਾਹ ਨੂੰ ਸਖ਼ਤ ਸ਼ਬਦਾਂ ਨਾਲ ਝਿੜਕਿਆ ਪਰ ਹੰਨਾਹ ਨੇ ਇਸ ਦਾ ਜਵਾਬ ਬੜੇ ਹੀ ਭਗਤੀ ਭਾਵ ਨਾਲ ਦਿੱਤਾ। ਹੰਨਾਹ ਦੀ ਤਕਲੀਫ਼ ਨੂੰ ਸਮਝਦਿਆਂ ਏਲੀ ਨੇ ਉਸ ਨੂੰ ਬਰਕਤ ਦਿੱਤੀ ਕਿ ਉਸ ਦੀ ਗੋਦ ਹਰੀ ਹੋ ਜਾਵੇਗੀ। ਹੈਕਲ ਤੋਂ ਜਾਣ ਦੇ ਬਾਅਦ ਹੰਨਾਹ ਆਪਣੇ ਮਨ ਨੂੰ ਪੂਰੀ ਤਰ੍ਹਾਂ ਨਾਲ ਹਲਕਾ ਮਹਿਸੂਸ ਕਰ ਰਹੀ ਸੀ। ਉਸ ਨੂੰ ਇਹ ਦਿਲੇਰੀ ਮਿਲ ਚੁੱਕੀ ਸੀ ਕਿ ਉਹ ਇਕ ਬੇਟੇ ਨੂੰ ਜਨਮ ਦੇਵੇਗੀ ਅਤੇ ਉਸ ਨੂੰ ਖ਼ੁਦਾ ਦੀ ਸੇਵਾ ਲਈ ਦੇ ਦੇਵੇਗੀ।

ਹੰਨਾਹ ਨੇ ਝਟ ਅਲਕਾਨਾਹ ਕੋਲ ਜਾ ਕੇ ਉਸ ਨੂੰ ਇਹ ਖ਼ਬਰ ਦੱਸੀ। ਦੋਵੇਂ ਦੁਆ ਦਾ ਜਵਾਬ ਮਿਲ ਜਾਣ ਦੀ ਦਿਲੇਰੀ ਅਤੇ ਅਨੰਦ ਨਾਲ ਭਰ ਗਏ। ਬੱਚੇ ਦਾ ਜਨਮ ਹੋ ਗਿਆ ਅਤੇ ਤਿੰਨ ਸਾਲ ਤਕ ਉਹਦਾ ਪਾਲਣ ਪੋਸ਼ਣ ਬੜੇ ਪਿਆਰ ਨਾਲ ਕੀਤਾ ਗਿਆ ਜਿਸ ਨਾਲ ਉਹ ਇਸਰਾਏਲ ਦੇ ਆਖ਼ਰੀ ਨਿਆਈਂ ਅਤੇ ਪਹਿਲੇ ਨਬੀ ਦੇ ਰੂਪ ਵਿਚ ਸੇਵਾ ਲਈ ਤਿਆਰ ਹੋ ਸਕਿਆ।

ਤਿੰਨ ਸਾਲਾਂ ਬਾਅਦ ਉਸ ਛੋਟੇ ਬੱਚੇ ਨੂੰ ਉੱਥੇ ਛੱਡਣ ਲਈ ਤਿਆਰ ਹੋ ਕੇ ਹੰਨਾਹ ਸਲਾਨਾ ਪਰਬ ਵਿਚ ਫੇਰ ਆਈ। ਹੈਕਲ ਵਿਚ ਵਾਪਸ ਆ ਕੇ ਉਹ ਉਸੇ ਥਾਂ ਖੜੀ ਹੋ ਗਈ, ਜਿੱਥੇ ਤਿੰਨ ਸਾਲ ਪਹਿਲਾਂ ਆਈ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹੁਣ ਵੀ ਉਸ ਦੇ ਦਿਮਾਗ਼ ਵਿਚ ਉਹੀ ਨਜ਼ਾਰਾ ਘੁੰਮ ਰਿਹਾ ਹੋਵੇਗਾ (1:26, 27)।

ਸਮੂਏਲ ਨੂੰ ਅਰਪਣ ਕਰਨ ਵੇਲੇ ਉਸ ਨੇ ਯਹੋਵਾਹ ਦੀ ਤਾਰੀਫ਼ ਅਤੇ ਵਡਿਆਈ ਲਈ ਇਕ ਗੀਤ ਭੇਂਟ ਕੀਤਾ। ਉਸ ਨੇ ਆਪਣੇ ਛੋਟੇ ਬੱਚੇ ਨੂੰ ਖ਼ੁਦਾ ਦੀ ਫ਼ਜ਼ਲ ਭਰੀ ਦੇਖ-ਭਾਲ ਵਿਚ ਦੇ ਦਿੱਤਾ। ਹਰ ਸਲਾਨਾ ਕੁਰਬਾਨੀ ਦੇ ਆਉਣ ਵੇਲੇ ਹੰਨਾਹ ਸਮੂਏਲ ਲਈ ਇਕ ਛੋਟਾ ਕੁੜਤਾ ਬਣਾ ਕੇ ਲਿਆਉਂਦੀ ਸੀ। ਉਸ ਕੋਟ ਜਾਂ ਕੁੜਤੇ ਦੀ ਹਰ ਸਲਾਈ ਵਿਚ ਪਿਆਰ ਪਿਰੋਇਆ ਗਿਆ ਹੁੰਦਾ ਸੀ ਮਾਂਪੁਣੇ ਦੀ ਇਸ ਅਨੋਖੀ ਯਾਦਗਾਰ ਦਾ ਇਹ ਸੰਖੇਪ ਇਤਿਹਾਸ ਹੈ!

## ਹੰਨਾਹ ਦੀ ਯਾਦਗਾਰ

ਮਾਂਪੁਣੇ ਦੀ ਹਮੇਸ਼ਾ ਤਕ ਰਹਿਣ ਵਾਲੀ ਯਾਦਗਾਰ ਨੂੰ ਬਣਾਉਣ ਲਈ ਚਰਿੱਤਰ ਅਤੇ ਵਿਹਾਰ ਦੀਆਂ ਖ਼ਾਸ ਖੂਬੀਆਂ ਜ਼ਰੂਰੀ ਹਨ।

### ਖ਼ੁਦਾ ਵਿਚ ਯਕੀਨ ਦੀ ਖੂਬੀ

ਸ਼ੱਕ ਅਤੇ ਨਿਰਾਸ਼ਾ ਦੇ ਵਕਤ ਹੰਨਾਹ ਖ਼ੁਦਾ ਵੱਲ ਮੁੜੀ (1:9-18; 2:1-10)। ਉਹਦੇ ਵਿਸ਼ਵਾਸ ਦੀ ਚਰਚਾ ਐਨੀ ਜ਼ਿਆਦਾ ਹੁੰਦੀ ਹੈ ਕਿ ਉਸ ਨੂੰ ਭੁਲਾਇਆ ਨਹੀਂ ਜਾ ਸਕਦਾ!

ਪਹਿਲਾਂ ਤਾਂ ਉਸ ਨੇ ਇਸ ਵਿਸ਼ਵਾਸ ਨਾਲ ਕਿ ਖ਼ੁਦਾ ਉਸ ਨੂੰ ਇਕ ਬੱਚਾ ਦੇਵੇਗਾ ਆਪਣਾ

ਭਰੋਸਾ ਵਿਖਾਇਆ। ਜਿਵੇਂ ਜਿਵੇਂ ਵਕਤ ਬੀਤਤਾ ਗਿਆ ਦੁੱਖ ਦੇ ਕਾਰਣ ਉਹਦੀ ਨਿਰਾਸ਼ਾ ਵਧਦੀ ਗਈ। ਹੈਰਾਨੀ, ਸ਼ੱਕ ਅਤੇ ਕਦੇ ਕਦੇ ਆਸ ਦੀਆਂ ਕਿਰਣਾਂ ਨਾਲ ਉਹਦੇ ਖਾਬ ਧੁੰਦਲੇ ਹੋ ਗਏ ਸਨ। ਫਿਰ ਵੀ ਉਸ ਨੇ ਖ਼ੁਦਾ ਉੱਤੇ ਆਪਣਾ ਭਰੋਸਾ ਘਟਣ ਨਹੀਂ ਦਿੱਤਾ ਬਲਕਿ ਉਹ ਪੂਰੀ ਤਰ੍ਹਾਂ ਨਾਲ ਖ਼ੁਦਾ ਤੇ ਨਿਰਭਰ ਹੋ ਗਈ। ਅਖ਼ੀਰ ਵਿਚ ਜਦ ਉਹਦੇ ਵੱਸੋਂ ਬਾਹਰ ਹੋ ਗਿਆ ਤਾਂ ਉਹ ਖ਼ੁਦਾ ਦੇ ਦਰ ਤੇ ਚਲੀ ਆਈ। ਏਲੀ ਕੋਲ ਜਾਣ ਦੇ ਬਾਅਦ, ਉਸ ਨੂੰ ਖ਼ੁਦਾ ਦੇ ਜਵਾਬ ਤੇ ਪੂਰਾ ਯਕੀਨ ਸੀ (1:17)। ਹੰਨਾਹ ਨੇ ਆਪਣਾ ਭਾਰ ਯਹੋਵਾਹ ਉੱਤੇ ਸੁੱਟ ਦਿੱਤਾ ਸੀ। ਉਸ ਤੋਂ ਜੋ ਕੁਝ ਵੀ ਹੋ ਸਕਿਆ ਉਸ ਨੇ ਕੀਤਾ ਅਤੇ ਜੋ ਉਸ ਦੇ ਵੱਸੋਂ ਬਾਹਰ ਸੀ ਉਹ ਉਸ ਨੇ ਖ਼ੁਦਾ ਤੇ ਛੱਡ ਦਿੱਤਾ।

ਫੇਰ ਉਸ ਨੇ ਸਮੂਏਲ ਨੂੰ ਏਲੀ ਦੇ ਸਪੁਰਦ ਕਰਦਿਆਂ ਖ਼ੁਦਾ ਵਿਚ ਆਪਣਾ ਭਰੋਸਾ ਵਿਖਾਇਆ (2:1–10)। 1 ਸਮੂਏਲ 1:27 ਦੇ ਬੜੇ ਸ਼ਾਨਦਾਰ ਸ਼ਬਦ ਮਿਲਦੇ ਹਨ: ‘‘ਮੈਂ ਇਸ ਮੁੰਡੇ ਦੇ ਲਈ ਬੇਨਤੀ ਕੀਤੀ ਸੀ ਸੋ ਯਹੋਵਾਹ ਨੇ ਮੇਰੀ ਅਰਜੋਈ ਜੋ ਮੈਂ ਉਸ ਕੋਲ ਮੰਗੀ ਸੀ ਪੂਰੀ ਕੀਤੀ।’’ ਹੰਨਾਹ ਦਾ ਗੀਤ (2:1ਤੋਂ) ਡੂੰਘੀ ਆਸਥਾ ਅਤੇ ਭਰੋਸੇ ਦਾ ਇਜ਼ਹਾਰ ਹੈ। ਇਸ ਵਿਚ ਮਨ ਦੀ ਕੋਮਲਤਾ ਅਤੇ ਸਮਰਪਣ ਦਾ ਉਹ ਆਨੰਦ ਨਜ਼ਰ ਆਉਂਦਾ ਹੈ ਜਿਹੜਾ ਪੁਰਾਣੇ ਨੇਮ ਵਿਚ ਕਿਤੇ ਹੋਰ ਨਹੀਂ ਮਿਲਦਾ ਅਤੇ ਨਵੇਂ ਨੇਮ ਵਿਚ ਮਰੀਅਮ ਦੇ ਗੀਤ (ਲੂਕਾ 1:46ਤੋ) ਵਰਗਾ ਹੈ। ਹੰਨਾਹ ਦਾ ਗੀਤ ਖ਼ੁਦਾ ਨੂੰ ਪਵਿੱਤਰ, ਸਮਰੱਥ, ਬੁੱਧਵਾਨ ਅਤੇ ਸਰਵੋਤਮ ਨਿਆਈ ਦੇ ਰੂਪ ਵਿਚ ਵਿਖਾਉਂਦਾ ਇਕ ਮਹਾਨ ਵਿਚਾਰ ਸੀ।

ਤੀਜਾ, ਉਸ ਨੇ ਹੈਕਲ ਵਿਚ ਸਮੂਏਲ ਨੂੰ ਛਡਣ ਵਿਚ ਆਪਣਾ ਵਿਸ਼ਵਾਸ ਵਿਖਾਇਆ (1:28; 2:11)। ਉਹ ਮਸਾਂ ਤਿੰਨ ਕੁ ਸਾਲਾਂ ਦਾ ਹੀ ਸੀ! ਫਿਰ ਵੀ ਹੰਨਾਹ ਨੂੰ ਉਸ ਨੂੰ ਛੱਡਦਿਆਂ ਡਰ ਨਹੀਂ ਲੱਗਾ ਸੀ। ਕਿਉਂਕਿ ਉਸ ਨੇ ਉਸ ਨੂੰ ਖ਼ੁਦਾ ਦੀ ਹਿਫ਼ਾਜ਼ਤ ਵਿਚ ਛੱਡਿਆ ਸੀ।

ਹੰਨਾ ਦਾ ਵਿਸ਼ਵਾਸ ਸਾਨੂੰ ਇਬਰਾਨੀਆਂ 4:16 ਅਤੇ 1 ਪਤਰਸ 5:7 ਵਰਗੀਆਂ ਆਇਤਾਂ ਨੂੰ ਸਮਝਣ ਵਿਚ ਮਦਦਗਾਰ ਹੈ।

**ਅਜ਼ਮਾਇਸ਼ਾਂ ਵਿਚ ਧੀਰਜ ਰੱਖਣ ਦੀ ਖ਼ੂਬੀ** (1:7)

ਸਾਨੂੰ ਨਹੀਂ ਪਤਾ ਕਿ ਉਹ ਕਿੰਨੇ ਸਾਲ ਬਾਂਝ ਰਹੀ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਆਮ ਤੌਰ ਤੇ ਜ਼ਬੂਰ 142:4 ਦੇ ਸ਼ਬਦਾਂ ਨੂੰ ਮਹਿਸੂਸ ਕਰਦੀ ਹੋਵੇਗੀ, ‘‘ਮੈਂ ਆਪਣਾ ਦੁਖ ਉਹਦੇ ਅੱਗੇ ਖੋਲ੍ਹ ਕੇ ਦੱਸਦਾ ਹਾਂ।’’ ਅਜਿਹਾ ਲਗਦਾ ਸੀ ਕਿ ਜਿਵੇਂ ਖ਼ੁਦਾ ਦਾ ਉਪਾਅ ਉਹਦੇ ਇਲਾਵਾ ਬਾਕੀ ਸਭ ਲੋਕਾਂ ਲਈ ਹੋਵੇ। ਉਹ ਸੋਚ ਸਕਦੀ ਸੀ ਕਿ ਖ਼ੁਦਾ ਨੇ ਕੋਈ ਬੜੀ ਵੱਡੀ ਗ਼ਲਤੀ ਕੀਤੀ ਹੈ। ਪਨਿੰਨਾਹ ਦੀਆਂ ਬੋਲੀਆਂ ਸੁਣ ਸੁਣਕੇ ਹੰਨਾਹ ਦਾ ਦੁੱਖ ਕਿੰਨਾ ਵਧਦਾ ਹੋਵੇਗਾ, ਇਹ ਸਮਝਣਾ ਸਾਡੇ ਲਈ ਔਖਾ ਹੈ। ਬੋਲੀਆਂ ਸੁਣਨ ਦੇ ਇਲਾਵਾ ਹੋਰ ਕਰਦੀ ਵੀ ਕੀ? ਧੀਰਜ ਨਾਲ ਉਹ ਅਜ਼ਮਾਇਸ਼ਾਂ ਝੱਲਦੀ ਰਹੀ। ਇਸ ਧੀਰਜ ਨਾਲ ਅਖ਼ੀਰ ਉਸ ਨੂੰ ਆਪਣੇ ਵਿਸ਼ਵਾਸ ਨੂੰ ਵਧਾਉਣ ਅਤੇ ਆਪਣੀਆਂ ਉਮੀਦਾਂ ਨੂੰ ਨਾ ਮਿਟਣ ਦੇਣ ਦੀ ਤਾਕਤ ਮਿਲੀ।

**ਆਪਣੇ ਬੱਚਿਆਂ ਪ੍ਰਤੀ ਸਮਰਪਣ ਦੀ ਖ਼ੂਬੀ** (1:22; 2:19)

ਹੰਨਾਹ ਨੇ ਆਪਣਾ ਆਪ ਸਮੂਏਲ ਨੂੰ ਦੇ ਦਿੱਤਾ। ਉਸ ਨੇ ਸੋਚ ਸਮਝ ਕੇ ਅਤੇ ਲਗਾਤਾਰ

ਮਾਂ ਦਾ ਫ਼ਰਜ਼ ਨਿਭਾਇਆ। ਉਹ ਉਸ ਲਈ ਦੁਆ ਕਰਦੀ ਸੀ ਅਤੇ ਉਸ ਦਾ ਧਿਆਨ ਖ਼ੁਦਾ ਵੱਲ ਲਾਉਂਦੀ ਸੀ। ਹੰਨਾਹ ਲਈ ਆਪਣੇ ਪੁੱਤਰ ਦਾ ਪਾਲਣ ਪੋਸ਼ਣ ਕਰਨਾ ਪੂਰੀ ਤਰ੍ਹਾਂ ਨਾਲ ਖ਼ੁਦਾ ਨੂੰ ਸਮਰਪਣ ਇਕ ਸੇਵਾ ਸੀ। ਸ਼ਰ੍ਹਾ ਦੀਆਂ ਕਿਤਾਬਾਂ (ਟਾਲਮੁਡ) ਵਿਚ ਇਕ ਅਜਿਹੀ ਗੱਲ ਵੱਲ ਧਿਆਨ ਦੁਆਇਆ ਗਿਆ ਹੈ, ਜਿਸ ਨੂੰ ਆਧੁਨਿਕ ਔਰਤਾਂ ਲਈ ਯਾਦ ਰੱਖਣਾ ਚੰਗਾ ਹੋਵੇਗਾ, ''ਸਭ ਤੋਂ ਪੜ੍ਹਿਆ ਲਿਆ ਕੌਣ ਹੁੰਦਾ ਹੈ? ਉਹੀ ਜਿਸ ਨੂੰ ਉਸ ਦੀ ਮਾਂ ਨੇ ਪੜ੍ਹਾਇਆ ਹੋਵੇ!'' ਹੰਨਾਹ ਦਾ ਸਮਰਪਣ ਹਰ ਸਾਲ ਲਿਆਂਦੇ ਜਾਣ ਵਾਲੇ ਨਿੱਕੇ ਜਿਹੇ ਕੁੜਤੇ ਤੋਂ ਬੜੀ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਮੂਲ ਵਿਚ ਇਹ ਉੱਨ ਦਾ, ਸੀਣ ਰਹਿਤ ਸੀਤਾ ਹੋਇਆ ਅੰਦਰਲਾ ਕੱਪੜਾ ਹੁੰਦਾ ਸੀ। ਇਸ ਦੇ ਉੱਤੋਂ ਦੀ ਯਾਜਕ ਲੋਕ ਏਫ਼ੋਦ ਪਾਉਂਦੇ ਸਨ। ਹਰ ਸਾਲ ਸਮੂਏਲ ਨੂੰ ਆਪਣੀ ਮਾਂ ਵੱਲੋਂ ਉਸ ਦੇ ਸਮਰਪਣ ਦੇ ਸ਼ਾਨਦਾਰ ਨਿਸ਼ਾਨੀ ਲਿਆਉਣ ਦੀ ਉਮੀਦ ਰਹਿੰਦੀ ਹੋਵੇਗੀ।

**ਕੁਰਬਾਨੀ ਦੀ ਖ਼ੂਬੀ** (1:28)

ਉਹ ਆਪਣਾ ਸਭ ਤੋਂ ਕੀਮਤੀ ਇਨਾਮ ਖ਼ੁਦਾ ਨੂੰ ਦੇਣ ਲਈ ਤਿਆਰ ਸੀ। ਉਸ ਨੇ ਖ਼ੁਦਾ ਨੂੰ ਆਪਣੀ ਇੱਛਾ ਅਜ਼ਾਦੀ ਨਾਲ ਪਰਗਟ ਕਰਨ ਦੀ ਪੇਸ਼ਕਸ਼ ਕੀਤੀ। ਆਪਣੇ ਆਪ ਨੂੰ ਖ਼ੁਦਾ ਅੱਗੇ ਨਵੇਂ ਸਿਰਿਓਂ ਸਮਰਪਤ ਕਰਦਿਆਂ ਉਸ ਨੇ ਆਪਣੀ ਮੰਨਤ ਵਿਚ ਖ਼ੁਦਾ ਦੀ ਵਡਿਆਈ ਦੀ ਇੱਛਾ ਕੀਤੀ। ਉਸ ਨੇ ਮਰਜ਼ੀ ਨਾਲ ਅਤੇ ਪ੍ਰੇਮ ਨਾਲ ਆਪਣੀਆਂ ਹੀ ਜ਼ਰੂਰਤਾਂ ਦੀ ਕੁਰਬਾਨੀ ਦੇ ਦਿੱਤੀ ਤਾਂ ਜੋ ਸਮੂਏਲ ਨੂੰ ਉਹ ਮਿਲ ਸਕੇ ਜੋ ਉਹਦੇ ਲਈ ਸਭ ਤੋਂ ਵਧੀਆ ਸੀ।

**ਮਾਂ ਦਾ ਫ਼ਰਜ਼ ਨਿਭਾਉਣ ਦੀ ਖ਼ੂਬੀ** (1:28)

ਆਪਣੇ ਪੁੱਤਰ ਲਈ ਉਹਦਾ ਇੱਕੋ ਮਕਸਦ ਸੀ ਕਿ ਉਹ ਖ਼ੁਦਾ ਲਈ, ਖ਼ੁਦਾ ਦੇ ਘਰ ਵਿਚ ਰਹੇ (1:22)। ਉਸ ਨੇ ਆਪਣੇ ਬੱਚੇ ਨੂੰ ਇਕ ਵਿਰਾਸਤ ਦੇ ਰੂਪ ਵਿਚ ਵੇਖਿਆ ਨਾ ਕਿ ਪੂਰੀ ਤਰ੍ਹਾਂ ਨਾਲ ਇਨਾਮ ਦੇ ਰੂਪ ਵਿਚ। ਉਸਦੀਆਂ ਜ਼ਿੰਮੇਵਾਰੀਆਂ ਬੜੀਆਂ ਵੱਡੀਆਂ ਸਨ ਅਤੇ ਉਸ ਨੇ ਇਹ ਗੱਲ ਯਕੀਨੀ ਬਣਾਈ ਕਿ ਉਹ ਆਪਣੇ ਫ਼ਰਜ਼ ਨੂੰ ਪੂਰੀ ਲਗਨ ਨਾਲ ਨਿਭਾਵੇ। ਉਸ ਨੇ ਆਪਣੇ ਫ਼ਰਜ਼ ਨੂੰ ਸਿਰਫ਼ ਇਕ ਪੁੱਤਰ ਦਾ ਪਾਲਣ ਪੋਸ਼ਣ ਕਰਨ ਦੇ ਰੂਪ ਵਿਚ ਨਹੀਂ ਬਲਕਿ ਖ਼ੁਦਾ ਨੂੰ ਇਕ ਸੇਵਕ ਅਤੇ ਇਕ ਰਹਿਬਰ ਦੇਣ ਦੇ ਰੂਪ ਵਿਚ ਵੀ ਵੇਖਿਆ। ਅਜਿਹੀ ਸੋਚ ਅੱਜ ਹਰ ਮਾਂ ਦੇ ਵਿਚਾਰਾਂ ਵਿਚ ਹੋਣੀ ਲਾਜ਼ਮੀ ਹੈ। ਮਾਂ ਦੇ ਤੌਰ ਤੇ ਹੰਨਾਹ ਇਕ ਸਫ਼ਲ ਔਰਤ ਸੀ। ਹੰਨਾਹ ਦੀ ਬਾਅਦ ਦੀ ਜ਼ਿੰਦਗੀ ਤੋਂ ਇਸ ਗੱਲ ਦੀ ਤਸਦੀਕ ਹੁੰਦੀ ਹੈ ਕਿ ਉਸ ਦਾ ਪੁੱਤਰ ਖ਼ੁਦਾ ਦੀ ਹਜ਼ੂਰੀ ਵਿਚ ਵੱਡਾ ਹੋਇਆ ਸੀ (2:21)।

## ਯਾਦਗਾਰੀ ਸਬਕ

ਹੰਨਾਹ ਵੱਲੋਂ ਮਾਂ ਦਾ ਫ਼ਰਜ਼ ਨਿਭਾਉਣ ਨਾਲ, ਅਬਦੀ ਮਹੱਤਵ ਦੇ ਸਬਕ ਮਿਲਦੇ ਹਨ।

*ਯਾਦ ਰੱਖੋ: ਮਾਂ ਦੀ ਭੂਮਿਕਾ ਬੇਹੱਦ ਅਹਿਮ ਹੈ!* ਜੋ ਵਿਸ਼ਵਾਸ ਮਾਂ ਕਰਦੀ ਹੋਵੇਗੀ ਉਹੀ ਉਸ ਦੇ ਬੱਚਿਆਂ ਵਿਚ ਵੀ ਜਾਵੇਗਾ। ਜੇ ਉਸ ਦਾ ਵਿਸ਼ਵਾਸ ਮਜ਼ਬੂਤ ਹੈ, ਤਾਂ ਉਹ ਫੁੱਟ ਕੇ ਵੱਡਾ ਵੀ ਹਵੇਗਾ। ਮਾਂ ਦਾ ਸੁਭਾਅ ਬੱਚਿਆਂ ਵਿਚ ਵੀ ਨਜ਼ਰ ਆਵੇਗਾ। ਮਾਓਂ, ਕੀ ਤੁਸੀਂ ਆਪਣੇ ਬੱਚਿਆਂ ਨੂੰ ਖ਼ੁਦਾ ਪ੍ਰਤੀ ਸੰਵੇਦਨਸ਼ੀਲਤਾ, ਲਗਨ ਨਾਲ ਵਿਸ਼ਵਾਸ, ਨਿਰਸੁਆਰਥ ਸੇਵਾ ਦੀ

ਭਾਵਨਾ ਸਿਖਾ ਰਹੀਆਂ ਹੋ? ਮਾਤਾਓ, ਅਜ਼ਮਾਇਸ਼ ਦੀ ਘੜੀ ਵਿਚ ਕੀ ਤੁਹਾਡਾ ਬੱਚਾ ''ਮਾਂ'' ਦੇ ਵਿਚਾਰਾਂ ਵਿਚ ਸੁਰੱਖਿਅਤ ਮਹਿਸੂਸ ਕਰੇਗਾ? ਬੱਚੇ ਉਹੀ ਕਰਦੇ ਹਨ, ਜੋ ਉਹ ਵੇਖਦੇ ਹਨ। ਮਾਂਵਾਂ ਲਈ ਕੋਮਲਤਾ, ਭਗਤੀ, ਅਤੇ ਸ਼ੁੱਧਤਾ ਦਾ ਇਜ਼ਹਾਰ ਕਰਨਾ ਬੇਹੱਦ ਜ਼ਰੂਰੀ ਹੈ ਜਿਸ ਨਾਲ ਉਨ੍ਹਾਂ ਦੇ ਬੱਚੇ ਉਨ੍ਹਾਂ ਦੀਆਂ ਖੂਬੀਆਂ ਦੀ ਨਕਲ ਕਰ ਸਕਣ!

*ਯਾਦ ਰੱਖੋ: ਔਰਤ ਦਾ ਖ਼ੁਦਾ ਵਿਚ ਖ਼ਾਮੋਸ਼ ਵਿਸ਼ਵਾਸ ਅਤੇ ਉਸ ਦੀ ਦੀਨਤਾ ਉਸ ਦੇ ਪਤੀ ਅਤੇ ਬੱਚਿਆਂ ਦੀ ਜ਼ਿੰਦਗੀ ਵਿਚ ਮਿਠਾਸ ਲਿਆਵੇਗਾ।* ਖ਼ੁਦਾ ਵੱਲੋਂ ਦਿੱਤੀਆਂ ਆਪਣੀਆਂ ਭੂਮਿਕਾਵਾਂ ਨੂੰ ਦੀਨਤਾ ਭਰੇ ਸ਼ਬਦਾਂ ਅਤੇ ਧੀਰਜ ਭਰੀ ਦਿਆਲਤਾ ਨਾਲ ਨਿਭਾਉਣ ਵਾਲੀਆਂ ਮਾਂਵਾਂ ਆਪਣੇ ਘਰ ਨੂੰ ''ਸੁਰਗ'' ਬਣਾ ਲੈਂਦੀਆਂ ਹਨ!

*ਯਾਦ ਰੱਖੋ: ਮਾਵਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਖ਼ੁਦਾ ਵਾਸਤੇ ਕਰਨ!* ਮਾਂਵਾਂ ਲਈ ਜ਼ਰੂਰੀ ਹੈ ਕਿ ਉਹ ਆਪਣੇ ਬੱਚਿਆਂ ਵਿਚ ਖ਼ੁਦਾ ਲਈ ਸਮਰਪਣ ਦੀ ਭਾਵਨਾ ਪੈਦਾ ਕਰਨ। ਉਨ੍ਹਾਂ ਨੂੰ ਖ਼ੁਦਾ ਅਤੇ ਉਸ ਦੇ ਇਖ਼ਤਿਆਰ ਬਾਰੇ ਵੀ ਪ੍ਰਭਾਵਸ਼ਾਲੀ ਗੱਲਾਂ ਸਿਖਾਉਣੀਆਂ ਚਾਹੀਦੀਆਂ ਹਨ। ਧੰਨ ਹੈ ਉਹ ਮਾਂ ਜਿਹੜੀ ਆਪਣੇ ਬੱਚਿਆਂ ਨੂੰ ਖ਼ੁਦਾ ਦੀ ਮਰਜ਼ੀ ਹਰ ਰੋਜ਼ ਪੂਰੀ ਕਰਨ ਅਤੇ ਆਪਣੇ ਅਚਾਰ ਅਤੇ ਵਿਹਾਰ ਵਿਚ ਪਵਿੱਤਰਤਾ ਦੀ ਖੂਬਸੂਰਤੀ ਦੇ ਆਨੰਦ ਨੂੰ ਵਿਖਾਉਂਦੀ ਹੈ।

## ਸਾਰ

ਮੂੰਗੇ ਦੀਆਂ ਚੱਟਾਨਾਂ ਸ਼ਾਇਦ ਕੁਦਰਤ ਦੀਆਂ ਸਭ ਤੋਂ ਵੱਡੀਆਂ ਯਾਦਗਾਰਾਂ ਹਨ। ਉਨ੍ਹਾਂ ਦੀ ਖੂਬਸੂਰਤੀ ਅਤੇ ਵਿਸ਼ਾਲਤਾ ਬਿਆਨ ਤੋਂ ਬਾਹਰ ਹੈ। ਉਹ ਉਨ੍ਹਾਂ ਪਿੰਜਰਿਆਂ ਨਾਲ ਬਣੀਆਂ ਹਨ, ਜਿਨ੍ਹਾਂ ਨੂੰ ਮੂੰਗੇ ਜ਼ਿੰਦਗੀ ਭਰ ਲੁਕਾਈ ਰੱਖਦੇ ਹਨ। ਅਸਲ ਵਿਚ ਵੱਡੀਆਂ ਚੱਟਾਨਾਂ ਉਸ ਜ਼ਿੰਦਗੀ ਦੀਆਂ ਯਾਦਾਗਾਰਾਂ ਹਨ ਜਿਹੜੀ ਕਦੇ ਮਾਣੀ ਗਈ ਸੀ। ਉਨ੍ਹਾਂ ਦੇ ਵਜੂਦ ਦਾ ਇਹ ਖ਼ਤਮ ਨਾ ਹੋਣ ਵਾਲਾ ਦਸਤਾਵੇਜ਼ ਆਉਣ ਵਾਲੇ ਯੁੱਗ ਲਈ ਇਕ ਚੁਣੌਤੀ ਹੈ। ਹੰਨਾਹ ਵਰਗੀ ਖ਼ੁਦਾ ਦੀ ਭਗਤ ਮਾਂ ਅਜਿਹੀ ਹੀ ਇਕ ਯਾਦਗਾਰ ਹੈ!

ਮਾਤਾਓ ਇਹ ਯਕੀਨੀ ਬਣਾਓ ਕਿ ਤੁਹਾਡੀ ਜ਼ਿੰਦਗੀ ਆਨੰਦ ਅਤੇ ਖ਼ੁਸ਼ੀ ਦੀ ਯਾਦਗਾਰ ਹੋਵੇ। ਆਪਣੀ ਸ਼ਕਤੀ ਖ਼ੁਦਾ ਵਿਚ ਮਜ਼ਬੂਤ ਵਿਸ਼ਵਾਸ ਪੈਦਾ ਕਰਨ ਵਿਚ, ਅਜ਼ਮਾਇਸ਼ਾਂ ਦੇ ਵਕਤ ਧੀਰਜ ਰੱਖਣ ਵਿਚ, ਹੋਰਨਾਂ ਨੂੰ ਸਮਰਪਣ ਅਤੇ ਕੁਰਬਾਨੀ ਸਿਖਾਉਣ ਵਿਚ ਅਤੇ ਸਰਵਸ਼ਕਤੀਮਾਨ ਪਰਮੇਸ਼ੁਰ ਲਈ ਪੂਰੀ ਤਰ੍ਹਾਂ ਨਾਲ ਸਮਰਪਣ ਵਿਚ ਲਾਓ। ਮਾਤਾਓ, ਬੱਚਿਆਂ ਦਾ ਪਾਲਣ ਪੋਸ਼ਣ ਕਰਨ ਵਿਚ ਤੁਹਾਡਾ ਮਕਸਦ ਹੰਨਾਹ ਵਰਗਾ ਹੀ ਹੋਵੇ, ''ਮੈਂ ਵੀ ਇਹ ਯਹੋਵਾਹ ਨੂੰ ਦੇ ਦਿੱਤਾ ਹੈ; ਜਿੰਨਾਂ ਚਿਰ ਉਹ ਜੀਉਂਦਾ ਹੈ ਯਹੋਵਾਹ ਦਾ ਦਿੱਤਾ ਹੋਇਆ ਰਹੇ'' (1:28)।